بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 27.03.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਮਾਰਚ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਉਹ ਕੰਮ ਜਿਸ ਲਈ ਰੱਬ ਨੇ ਮੈਨੂੰ ਭੇਜਿਆ ਹੈ ਉਹ ਇਹ ਹੈ ਕਿ ਰੱਬ ਅਤੇ ਉਸ ਦੀ ਮਖ਼ਲੂਕ ਦੇ ਸੰਬੰਧਾਂ ਵਿੱਚ ਜੋ ਨਫ਼ਰਤ ਭਰ ਗਈ ਹੈ ਉਸ ਨੂੰ ਦੂਰ ਕਰਕੇ ਪ੍ਰੇਮ ਤੇ ਇਮਾਨਦਾਰੀ ਨੂੰ ਮੁੜ ਕਾਇਮ ਕਰਾਂ । ਧਾਰਮਕ ਸਚੱਾਈਆਂ ਜੋ ਦੁਨੀਆਂ ਦੀ ਦ੍ਰਿਸ਼ਟੀ'ਚੋਂ ਅਲੋਪ ਹੋ ਗਈਆਂ ਹਨ ਉਹਨਾਂ ਨੂੰ ਪ੍ਰਕਟ ਕਰ ਦਿਆਂ । ਉਹ ਰੂਹਾਨੀ ਸ਼ਕਤੀਆਂ ਜੋ ਨਫ਼ਸਾਨੀ ਹਨ੍ਹੇਰਿਆਂ ਹੇਠ ਦੱਬ ਗਈਆ ਹਨ ਉਸ ਦਾ ਨਮੂਨੇ ਦਿਖਾਵਾਂ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਆਉਣ ਦੇ ਉਦੇਸ਼ਿਆਂ ਵਿੱਚ ਜਿੰਨ੍ਹਾ ਪੰਜ ਸ਼ਾਖ਼ਾਵਾਂ ਦਾ ਵਰਨਣ ਕੀਤਾ ਹੈ ਉਹਨਾਂ ਵਿੱਚੋਂ ਇਕ ਸ਼ਾਖ਼ ਇਸ਼ਤਿਹਾਰਾਂ ਦਾ ਪ੍ਰਕਾਸ਼ਨ ਵੀ ਹੈ । ਅਰਥਾਤ ਪ੍ਰਚਾਰ ਅਤੇ ਸਬੂਤਾਂ ਦੀ ਦ੍ਰਿਸ਼ਟੀ ਵਿੱਚ ਇਸ਼ਤਿਹਾਰਾਂ ਦਾ ਪ੍ਰਕਾਸ਼ਨ । ਇਕ ਥਾਂ ਆਪ ਫ਼ਰਮਾਉਂਦੇ ਹਨ :

ਅੱਜ ਮੈਂ ਸਬੂਤਾਂ ਦੀ ਦ੍ਰਿਸ਼ਟੀ ਵਿੱਚ ਨਿਸ਼ਚਾ ਕੀਤਾ ਹੈ ਕਿ ਵਿਰੋਧੀਆਂ ਤੇ ਇਨਕਾਰੀਆਂ ਦੇ ਨਿਮੰਤਰਣ ਵਿੱਚ ਚਾਲ੍ਹੀ ਇਸ਼ਤਿਹਾਰ ਪ੍ਰਕਾਸ਼ਤ ਕਰਾਂ ਤਾਂ ਜੋ ਪਰਲੈ ਦੇ ਦਿਨ ਮੇਰੀ ਵੱਲੋਂ ਰੱਬ ਦੀ ਹਜ਼ੂਰੀ ਵਿੱਚ ਇਹ ਸਬੂਤ ਹੋਵੇ ਕਿ ਮੈਂ ਜਿਸ ਕਾਰਜ ਲਈ ਭੇਜਿਆ ਗਿਆ ਸੀ ਉਸ ਨੂੰ ਮੈਂ ਪੂਰਾ ਕੀਤਾ ਅਤੇ ਫਿਰ ਇਹ ਕੁਝ ਇਸ਼ਤਿਹਾਰ ਨਹੀਂ ਜਾਂ ਇਕ ਵਾਰ ਨਹੀਂ ਸਗੋਂ ਜੇਕਰ ਦੇਖਿਆ ਜਾਵੇ ਤਾਂ ਆਪਣੇ ਦਾਵੇ ਦੇ ਪਹਿਲਾਂ ਤੋਂ ਲੈਕੇ ਮੌਤ ਤੱਕ ਅਸੰਖ ਇਸ਼ਤਿਹਾਰ ਆਪ ਨੇ ਪ੍ਰਕਾਸ਼ਤ ਕੀਤੇ ਅਤੇ ਇਹ ਸਾਰੇ ਧਾਰਮਕ ਸੰਸਾਰ ਦਾ ਇਕ ਖ਼ਜ਼ਾਨਾ ਹਨ । ਆਪ ਦੀ ਇਹ ਤਾਂਘ ਸੀ ਕਿ ਮੁਸਲਮਾਨਾ ਨੂੰ ਵੀ ਈਸਾਈਆਂ ਨੂੰ ਵੀ ਅਤੇ ਹੋਰਨਾ ਧਰਮਾ ਨੂੰ ਵੀ ਤਬਾਹ ਹੋਣ ਤੋਂ ਬਚਾਉਣ । ਆਪ ਇਕੱਲੇ ਇਹ ਕੰਮ ਕਰਦੇ ਰਹੇ ਅਤੇ ਇਸ ਲਈ ਕਰੜੀ ਮਿਹਨਤ ਕਰਦੇ ਰਹੇ । ਵੱਡੀਆਂ ਵੱਡੀਆਂ ਕਿਤਾਬਾਂ ਤਾਂ ਆਪ ਦੀਆਂ ਹੈ ਹੀ ਹਨ, ਆਪ ਦੀ ਮਖ਼ਲੂਕ ਲਈ ਸਦਭਾਵਨਾ ਦੀ ਤੜਪ ਛੋਟੇ ਇਸ਼ਤਿਹਾਰਾਂ ਰਾਹੀਂ ਵੀ ਸੰਸਾਰ ਦੇ ਸੁਧਾਰ ਦਾ ਦੁੱਖ ਪ੍ਰਕਟ ਕਰਦੀਆਂ ਹਨ । ਸੰਸਾਰ ਦੇ ਸੁਧਾਰ ਦੇ ਇਸ ਦੁੱਖ ਨੂੰ ਕਾਇਮ ਰਖੱਣਾ ਅਤੇ ਅੱਗੇ ਚਲਾਉਣਾ ਇਹ ਆਪ ਦੀ ਜਮਾਤ ਦੇ ਲੋਕਾਂ ਦਾ ਫ਼ਰਜ਼ ਵੀ ਹੈ । ਇਸ ਲਈ ਇਸ ਪਾਸੇ ਧਿਆਨ ਦਿੰਦੇ ਰਹਿਣਾ ਚਾਹੀਦਾ ਹੈ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਇਸ ਦੁੱਖ ਅਤੇ ਇਸ ਬਾਰੇ ਅਸਾਧਾਰਣ ਮਿਹਨਤ ਬਾਰੇ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਉਧਾਰਣ ਸਾਡੇ ਸਾਹਮਣੇ ਹੈ । ਰੋਗੀ ਹੁੰਦਿਆਂ ਹੋਇਆਂ ਵੀ ਦਿਨ ਰਾਤ ਲੱਗੇ ਰਹਿੰਦੇ ਸਨ ਅਤੇ ਇਸ਼ਤਿਹਾਰਾਂ'ਤੇ ਇਸ਼ਤਿਹਾਰ ਦਿੰਦੇ ਰਹਿੰਦੇ ਸਨ । ਲੋਕ ਆਪ ਦੇ ਕੰਮ ਨੂੰ ਦੇਖ ਕੇ ਹੈਰਾਨ ਹੁੰਦੇ ਸਨ । ਇਕ ਇਸ਼ਤਿਹਾਰ ਦਿੰਦੇ ਸਨ ਅਜੇ ਉਸਦਾ ਪ੍ਰਭਾਵ ਦੂਰ ਨਹੀਂ ਹੁੰਦਾ ਸੀ ਅਤੇ ਉਸ ਦੇ ਸਬਬ ਮੁਖ਼ਾਲਫ਼ਾਂ ਵਿੱਚ ਜੋ ਜੋਸ਼ ਪੈਦਾ ਹੁੰਦਾ ਸੀ ਉਹ ਅਜੇ ਘੱਟ ਨਹੀਂ ਹੁੰਦਾ ਸੀ ਕਿ ਦੂਜਾ ਇਸ਼ਤਿਹਾਰ ਆਪ ਪ੍ਰਕਾਸ਼ਤ ਕਰ ਦਿੰਦੇ ਸਨ । ਇੱਥੋਂ ਤੱਕ ਕਿ ਕਈ ਲੋਕ ਕਹਿੰਦੇ ਸਨ ਕਿ ਅਜਿਹੇ ਮੌਕਿਆਂ'ਤੇ ਕੋਈ ਇਸ਼ਤਿਹਾਰ ਦੇਣਾ ਸੁਭਾਵ'ਤੇ ਬੁਰਾ ਪ੍ਰਭਾਵ ਪਾਵੇਗਾ ਪਰ ਆਪ ਇਸ ਦੀ ਪਰਵਾਹ ਨ ਕਰਦੇ ਸਨ ਅਤੇ

ਫ਼ਰਮਾਇਆ ਕਰਦੇ ਸਨ ਕਿ ਲੋਹਾ ਗਰਮ ਹੀ ਕੱਟਿਆ ਜਾ ਸਕਦਾ ਹੈ ਅਤੇ ਰਤਾ ਜੋਸ਼ ਘਟਣ ਲਗੱਦਾ ਤਾਂ ਝੱਟ ਦੂਜਾ ਇਸ਼ਤਿਹਾਰ ਪ੍ਰਕਾਸ਼ਤ ਕਰ ਦਿੰਦੇ ਸਨ ਜਿਸ ਦੇ ਸਬਬ ਫਿਰ ਵਿਰੋਧਤਾ ਦਾ ਰੌਲ੍ਹਾ ਪੈ ਜਾਂਦਾ । ਆਪ ਨੇ ਦਿਨ ਰਾਤ ਇਸੇ ਪ੍ਰਕਾਰ ਕੰਮ ਕੀਤਾ ਅਤੇ ਇਹੋ ਸਫ਼ਲਤਾ ਦਾ ਸਾਧਨ ਹੈ । ਜੇਕਰ ਅਸੀਂ ਇਹ ਸਾਧਨ ਅਪਣਾ ਲਈਏ ਤਾਂ ਸਫ਼ਲ ਹੋ ਸਕਦੇ ਹਾਂ । ਇਸ ਗੱਲ ਦਾ ਵਿਚਾਰ ਨਹੀਂ ਕਰਨਾ ਚਾਹੀਦਾ ਕਿ ਵਿਰੋਧਤਾ ਘੱਟ ਹੋਣ ਦਿੱਤੀ ਜਾਵੇ । ਵਿਰੋਧਤਾ ਹੁੰਦੀ ਰਹੇ ਨਾਲ ਨਾਲ ਇਸ਼ਤਿਹਾਰ ਵੀ ਆਉਂਦੇ ਰਹਿਣ, ਫਿਰ ਹੀ ਪ੍ਰਭਾਵ ਵੀ ਹੁੰਦਾ ਹੈ । ਫਿਰ ਹਜ਼ਰਤ ਮੁਸਲਿਹ ਮਊਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੁੱਗ ਦਾ ਹੀ ਵਰਨਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਪ੍ਰਚਾਰ ਇਸ਼ਤਿਹਾਰਾਂ ਰਾਹੀਂ ਹੁੰਦਾ ਸੀ । ਉਹ ਇਸ਼ਤਿਹਾਰ ਦੋ ਚਾਰ ਪੰਨ੍ਹਿਆਂ ਦੇ ਹੁੰਦੇ ਸਨ ਅਤੇ ਉਹਨਾਂ ਨਾਲ ਦੇਸ਼ ਭਰ ਵਿੱਚ ਤਹਿਲਕਾ ਮਚਾ ਦਿਤੱਾ ਜਾਂਦਾ ਹੈ । ਉਹਨਾਂ ਦੀ ਬਹੁਤ ਪ੍ਰਕਾਸ਼ਨਾ ਕੀਤੀ ਜਾਂਦੀ ਸੀ ।

ਤਿੰਨ ਚਾਰ ਸਾਲ ਪਹਿਲਾਂ ਮੈਂ ਜਮਾਤਾਂ ਨੂੰ ਕਿਹਾ ਸੀ ਕਿ ਪੰਨ੍ਹੇ ਦੋ ਪੰਨ੍ਹੇ ਬਣਾ ਕੇ ਪ੍ਰਚਾਰ ਦਾ ਕੰਮ ਕਰਨ ਅਤੇ ਉਸ ਨੂੰ ਟਾਰਗਟ ਵੀ ਦਿੱਤਾ ਸੀ ਕਿ ਲੱਖਾਂ ਦੀ ਗਿਣਤੀ ਵਿੱਚ ਹੋਣਾ ਚਾਹੀਦਾ ਹੈ । ਜਿਸ ਤੋਂ ਇਸਲਾਮ ਦੀ ਸੁੰਦਰ ਸਿੱਖਿਆ ਦਾ ਦੁਨੀਆ ਨੂੰ ਪਤਾ ਲੱਗੇ । ਦੁਨੀਆ ਨੂੰ ਇਹ ਸੰਦੇਸ਼ ਮਿਲੇ ਕਿ ਇਸਲਾਮ ਦੀ ਵਾਸਤਵਿਕਤਾ ਕੀ ਹੈ । ਦੁਨੀਆ ਨੂੰ ਸੰਦੇਸ਼ ਮਿਲੇ ਕਿ ਇਸ ਜੁੱਗ ਵਿੱਚ ਰੱਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਭੇਜ ਕੇ ਮੁੜ੍ਹ ਤੋਂ ਇਸਲਾਮ ਦਾ ਪੁਨਰ ਉਥੱਾਨ ਕੀਤਾ ਹੈ ਅਤੇ ਵਾਸਤਵਿਕ ਸਿੱਖਿਆ ਨੂੰ ਅਰੰਭ ਕੀਤਾ ਹੈ । ਇਹ ਦੁਨੀਆ ਨੂੰ ਪਤਾ ਲੱਗੇ ਕਿ ਹੁਣ ਵੀ ਰੱਬ ਆਪਣੇ ਬੰਦਿਆਂ ਨੂੰ ਸ਼ੈਤਾਨ ਤੋਂ ਬਚਾਉਣ ਲਈ ਆਪਣੇ ਫ਼ਰਸਤਾਦੇ (ਸੁਧਾਰਕ) ਭੇਜਦਾ ਹੈ । ਬਹਿਰਹਾਲ ਜਿੰਨ੍ਹਾਂ ਜਮਾਤਾਂ ਨੇ ਇਸ ਸੰਬੰਧ ਵਿੱਚ ਕੰਮ ਕੀਤਾ ਰੱਬ ਦੀ ਮਿਹਰ ਨਾਲ ਓਥੇ ਚੰਗੇ ਨਤੀਜੇ ਨਿਕਲੇ ਹਨ । ਸਪੇਨ ਵਿੱਚ ਜਾਮਿਆ ਦੇ ਵਿਦਿਆਰਥੀਆਂ ਨੂੰ ਮੈਂ ਭੇਜਿਆ ਸੀ, ਉਹਨਾਂ ਨੇ ਓਥੇ ਬਹੁਤ ਕੰਮ ਕੀਤਾ ਅਤੇ ਲਗਭਗ ਤਿੰਨ ਲੱਖ ਪੰਫ਼ਲੈਟ ਵੰਡਿਆ । ਇਸੇ ਪ੍ਰਕਾਰ ਹੁਣ ਜਾਮਿਆ ਕੈਨੇਡਾ ਦੇ ਵਿਦਿਆਰਥੀਆਂ ਨੇ ਸਪੈਨਿਸ਼ ਦੇਸ਼ਾਂ ਵਿੱਚ ਅਤੇ ਮੈਕਸੀਕੋ ਵਿੱਚ ਜਾਕੇ ਇਹ ਇਸ਼ਤਿਹਾਰ ਵੰਡੇ ਅਤੇ ਰੱਬ ਦੀ ਅਪਾਰ ਕ੍ਰਿਪਾ ਨਾਲ ਇਸ ਰਾਹੀਂ ਪ੍ਰਚਾਰ ਦੇ ਖੇਤਰਾਂ ਵਿੱਚ ਵੀ ਬਹੁਤ ਵਿਸਥਾਰ ਹੋਏ ਹਨ ਅਤੇ ਬੈਅਤਾਂ ਵੀ ਹੋਈਆਂ ਹਨ । ਸੋ, ਇਸ ਲਈ ਇਕ ਦੇ ਬਾਦ ਦੂਜਾ ਦੋ ਪਿਸ਼ੁਟੀ ਇਸ਼ਤਿਹਾਰ ਪ੍ਰਕਾਸ਼ਤ ਹੁੰਦਾ ਰਹਿਣਾ ਚਾਹੀਦਾ ਹੈ ਅਤੇ ਇਸ ਨੂੰ ਵੰਡਦੇ ਰਹਿਣਾ ਚਾਹੀਦਾ ਹੈ । ਬਜਾਏ ਇਸ ਦੇ ਕਿ ਵੱਡੀਆਂ ਵੱਡੀਆਂ ਕਿਤਾਬਾਂ ਵੰਡੀਆਂ ਜਾਣ । ਹੁਣ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੇ ਕੁਝ ਹਵਾਲੇ ਜੋ ਸਹਾਬਾਂ ਤੋਂ ਹਨ ਜਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਬਾਰੇ, ਉਹ ਵੀ ਵੱਖ ਵੱਖ ਪ੍ਰਕਾਰ ਦੇ ਹਨ ਪੇਸ਼ ਕਰਦਾ ਹਾਂ ।

ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਜੱਦ ਅਫਗ਼ਾਨਿਸਤਾਨ ਦੇ ਸ਼ਹੀਦਾ ਉਪੱਰ ਪਥੱਰ ਪੈਂਦੇ ਸਨ ਤਾਂ ਘਬਰਾਉਂਦੇ ਨਹੀਂ ਸਨ ਸਗੋਂ ਦ੍ਰਿੜ੍ਹਤਾ ਤੇ ਦਲੇਰੀ ਨਾਲ ਉਹਨਾਂ ਨੂੰ ਪਰਵਾਨ ਕਰਦੇ ਸਨ ਅਤੇ ਜੱਦ ਬਹੁਤ ਅਧਿਕ ਪਥੱਰ ਉਹਨਾਂ'ਤੇ ਪਏ ਤਾਂ ਸਾਹਿਬਜ਼ਾਦਾ ਅਬਦੁਲ ਲਤੀਫ਼ ਸਾਹਬ ਸ਼ਹੀਦ, ਨੇਮਾਤੁਲੱਾਹ ਖਾਂਨ ਸਾਹਬ ਅਤੇ ਹੋਰਨਾਂ ਸ਼ਹੀਦਾਂ ਨੇ ਇਹੋ ਕਿਹਾ ਕਿ ਹੇ, ਅਲੱਾਹ ! ਇਹਨਾਂ ਲੋਕਾਂ ਉਪੱਰ ਰਹਿਮ ਕਰ ਅਤੇ ਇਹਨਾਂ ਨੂੰ ਸੁਮਾਰਗ ਪ੍ਰਦਾਨ ਕਰ । ਗੱਲ ਇਹ ਹੈ ਕਿ ਜੱਦ ਇਸ਼ਕ ਦਾ ਜਜ਼ਬਾ ਮਨੁਖ ਦੇ ਅੰਦਰ ਹੋਵੇ ਤਾਂ ਉਸ ਦਾ ਰੰਗ ਹੀ ਬਦਲ ਜਾਂਦਾ ਹੈ । ਉਸ ਦੀ ਗੱਲ ਵਿੱਚ ਪ੍ਰਭਾਵ ਪੈਦਾ ਹੋ ਜਾਂਦਾ ਹੈ ਅਤੇ ਉਸ ਦੇ ਮੁਖੜੇ ਤੋਂ ਨੂਰਾਨੀ ਕਿਰਣਾ ਲੋਕਾਂ ਨੂੰ ਧੂਹ ਲੈਂਦੀਆਂ ਹਨ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਏਥੇ ਅਰਥਾਤ ਕਾਦੀਆਂ ਵਿੱਚ ਹਜ਼ਾਰਾਂ ਹੀ ਲੋਕ ਆਏ ਅਤੇ ਉਹਨਾਂ ਨੇ ਜੱਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਦੇਖਿਆ ਤਾਂ ਇਹੋ ਕਿਹਾ ਕਿ ਇਹ ਮੂੰਹ ਝੂਠਿਆਂ ਦਾ ਨਹੀਂ ਹੋ ਸਕਦਾ । ਉਹਨਾਂ ਨੇ ਇਕ ਸ਼ਬਦ ਵੀ ਆਪ ਦੇ ਮੂੰਹੋਂ ਨ ਸੁਣਿਆ ਅਤੇ ਈਮਾਨ ਲੈ ਆਏ । ਸੋ, ਇਹ ਉਧਾਰਣਾ ਸਾਨੂੰ ਅੱਜ ਵੀ ਦਿਖਾਈ ਦਿੰਦੀਆਂ ਹਨ । ਕਈ ਪਤੱਰ ਆਉਂਦੇ ਹਨ ਮੈਂਨੂੰ ਜਿੰਨਾ ਵਿੱਚ ਇਹ ਚਰਚਾ ਹੁੰਦੀ ਹੈ ਕਿ ਜੱਦ ਅਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਤਸਵੀਰ ਦੇਖੀ ਤਾਂ ਦੇਖਕੇ ਹੀ ਕਿਹਾ ਕਿ ਇਕ ਮੂੰਹ ਝੂਠੇ ਦਾ ਨਹੀਂ ਹੋ ਸਕਦਾ ਅਤੇ ਬੈਅਤ ਕਰ ਲਈ ।

ਫਿਰ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫਰਮਾਉਂਦੇ ਸਨ ਕਿ ਤਿੰਨ ਪ੍ਰਕਾਰ ਦੇ ਲੋਕ ਸਾਡ ਜਮਾਤ ਵਿੱਚ ਸ਼ਾਮਲ ਹਨ । ਅਰਥਾਤ ਪਹਿਲੀ ਪ੍ਰਕਾਰ ਤਾਂ ਉਹ ਹੈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੋ ਮੇਰੇ ਦਾਵੇ ਨੂੰ ਸਮਝ ਕੇ ਅਤੇ ਸੋਚ ਵਿਚਾਰ ਕਰਕੇ ਅਹਮਦੀ ਹੋਏ ਹਨ ਉਹ ਜਾਣਦੇ ਹਨ ਕਿ ਮੇਰੇ ਪ੍ਰਕਟ ਹੋਣ

ਦਾ ਉਦੇਸ਼ ਕੀ ਹੈ ਅਤੇ ਉਹ ਸਮਝਦੇ ਹਨ ਕਿ ਜਿਵੇਂ ਪਹਿਲੇ ਨਬੀਆਂ ਦੀਆਂ ਜਮਾਤਾਂ ਨੇ ਕੁਰਬਾਨੀਆਂ ਕੀਤੀਆਂ ਹਨ ਉਸੇ ਰੂਪ ਵਿੱਚ ਸਾਨੂੰ ਵੀ ਕੁਰਬਾਨੀਆਂ ਕਰਨੀਆਂ ਚਾਹੀਦੀਆਂ ਹਨ । ਪਰ ਇਕ ਹੋਰ ਜਮਾਤ ਅਜਿਹੀ ਹੈ ਜੋ ਕੇਵਲ ਹਜ਼ਰਤ ਮੌਲਵੀ ਨੂਰੁੱਦੀਨ ਸਾਹਬ ਦੇ ਸਬਬ ਸਾਡੀ ਜਮਾਤ ਵਿੱਚ ਦਾਖ਼ਲ ਹੋਏ ਹਨ । ਉਹਨਾਂ ਨੂੰ ਪ੍ਰਕਟ ਹੋਣ ਦੇ ਉਦੇਸ਼ ਦਾ ਨਹੀਂ ਪਤਾ ਪਰ ਉਹ ਕੇਵਲ ਇਸ ਲਈ ਦਾਖ਼ਲ ਹੋਏ ਕਿ ਹਜ਼ਰਤ ਮੌਲਵੀ ਨੂਰੁੱਦੀਨ ਸਾਹਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਕੀਤੀ । ਇਸ ਤੋਂ ਬਿਨਾ ਇਕ ਤੀਜੀ ਪ੍ਰਕਾਰ ਦੇ ਕੁਝ ਨੌਜੁਆਨਾ ਦੀ ਜਮਾਤ ਹੈ ਜਿੰਨ੍ਹਾ ਦੇ ਮਨਾਂ ਵਿੱਚ ਬੇਸ਼ਕ ਮੁਸਲਮਾਨਾ ਲਈ ਦੁੱਖ ਸੀ ਪਰ ਕੌਮੀ ਰੂਪ ਵਿੱਚ ਨ ਕਿ ਧਾਰਮਕ ਰੂਪ ਵਿੱਚ, ਉਹਨਾਂ ਦੀ ਇੱਛਿਆ ਸੀ ਕਿ ਕੋਈ ਜੱਥਾ ਹੋਵੇ ਅਰਥਾਤ ਧਾਰਮਕ ਰੂਪ ਵਿੱਚ ਕੋਈ ਦੁੱਖ ਨਹੀਂ ਸੀ ਪਰ ਮੁਸਲਮਾਨਾ ਦੀ ਅਵਸਥਾ ਦੇਖਕੇ ਚਾਹੁੰਦੇ ਸਨ ਕਿ ਕੋਈ ਜੱਥਾ ਹੋਵੇ ਇਕ ਇਕੱਠ ਹੋਵੇ । ਸੋ, ਅਜਿਹੇ ਲੋਕ ਵੀ ਜਮਾਤ ਵਿੱਚ ਸ਼ਾਮਲ ਹੋਏ । ਕਿਉਂਕਿ ਆਮ ਮੁਸਲਮਾਨਾ ਦਾ ਕੋਈ ਜੱਥਾ ਬਨਾਉਣਾ ਉਹਨਾਂ ਲਈ ਸੰਭਵ ਨਹੀ ਸੀ ਇਸ ਲਈ ਜੱਦ ਉਹਨਾਂ ਨੇ ਸਾਡੇ ਵੱਲ ਇਕ ਜੱਥਾ ਦੇਖਿਆ ਤਾਂ ਉਹ ਸਾਡੇ ਵੱਲ ਆ ਗਏ ਅਤੇ ਉਹ ਹੁਣ ਚਾਹੁੰਦੇ ਹਨ ਕਿ ਮਦਰਸੇ ਕਾਇਮ ਕੀਤੇ ਜਾਣ ਅਤੇ ਲੋਕ ਡਿਗਰੀਆਂ ਪ੍ਰਾਪਤ ਕਰਨ । ਇਸੇ ਕਰਕੇ ਉਹ ਸਾਡੀ ਜਮਾਤ ਨੂੰ ਇਕ ਅੰਜੁਮਨ ਸਮਝਦੇ ਹਨ ਧਰਮ ਨਹੀਂ ਸਮਝਦੇ । ਸੰਸਾਰ ਵਿੱਚ ਪ੍ਰਗਤੀ ਦੇ ਜੋ ਸਾਧਨ ਸਮਝੇ ਜਾਂਦੇ ਹਨ ਉਹ ਬਿਲਕੁਲ ਹੋਰ ਹਨ ਅਤੇ ਧਰਮ ਵਿੱਚ ਤਰੱਕੀ ਦੇ ਜੋ ਸਾਧਨ ਸਮਝੇ ਜਾਂਦੇ ਹਨ ਉਹ ਬਿਲਕੁਲ ਹੋਰ ਹਨ । ਅੰਜੁਮਨਾਂ ਹੋਰ ਤਰੀਕੇ ਨਾਲ ਤਰੱਕੀ ਕਰਦੀਆਂ ਹਨ ਅਤੇ ਧਰਮ ਹੋਰ ਤਰੀਕੇ ਨਾਲ । ਧਰਮ ਦੀ ਤਰੱਕੀ ਲਈ ਜ਼ਰੂਰੀ ਚੀਜ ਆਚਰਣ ਚੰਗੇ ਹੋਣ, ਉੱਚੇ ਆਚਰਣ ਹੋਣ । ਕੁਰਬਾਨੀ ਤੇ ਜਾਨ ਨਿਛਾਵਰ ਦਾ ਬੋਧ ਪੈਦਾ ਕੀਤਾ ਗਿਆ ਹੋਵੇ ਨਮਾਜ਼ਾਂ ਪੜ੍ਹੀਆਂ ਜਾਣ ਤਾਂ ਜੋ ਆਤਮਕਤਾ ਵਿੱਚ ਤਰੱਕੀ ਹੋਵੇ, ਰੋਜ਼ੇ ਰੱਖੇ ਜਾਣ । ਰੱਬ ਉਪੱਰ ਪੂਰਨ ਭਰੋਸਾ ਕੀਤਾ ਜਾਵੇ । ਉਸਦਾ ਅਨੁਸਰਣ ਤੇ ਆਗਿਆਕਾਰੀ ਦਾ ਪ੍ਰਣ ਕੀਤਾ ਜਾਵੇ । ਜੇਕਰ ਅਸੀਂ ਇਹ ਸਾਰੀਆਂ ਗੱਲਾਂ ਕਰਾਂਗੇ ਤਾਂ ਦੁਨੀਆ ਦੀ ਦ੍ਰਿਸ਼ਟੀ ਵਿੱਚ ਤਾਂ ਅਸੀਂ ਪਾਗ਼ਲ ਮਿੱਥੇ ਜਾਵਾਂਗੇ ਪਰ ਰੱਬ ਦੀ ਦ੍ਰਿਸ਼ਟੀ ਵਿੱਚ ਸਾਥੋਂ ਅਧਿਕ ਸੂਝਵਾਨ ਹੋਰ ਕੋਈ ਨਹੀਂ ਹੋਵੇਗਾ । ਇਸ ਲਈ ਸਾਰੇ ਉੱਚ ਆਚਰਣ ਆਤਮਕ ਤਰੱਕੀ ਵਿੱਚ ਧਾਰਮਕ ਜਮਾਤਾਂ ਵਿੱਚ ਹੋਣੇ ਚਾਹੀਦੇ ਹਨ । ਸੋ, ਹਰ ਅਹਮਦੀ ਨੂੰ ਆਪਣੇ ਈਮਾਨਦਾਰੀ ਦੇ ਮਿਆਰਾਂ ਨੂੰ ਆਤਮਕਤਾ ਦੇ ਮਿਆਰਾਂ ਨੂੰ ਬਹੁਤ ਬੁਲੰਦ ਕਰਨ ਦੀ ਲੋੜ ਹੈ ।

ਫਿਰ ਇਕ ਘਟਨਾ ਆਪ ਤਾਲੀਮ ਉਲ ਇਸਲਾਮ ਸਕੂਲ ਦੀ ਸਥਾਪਨਾ ਦੇ ਦ੍ਰਿਸਟੀਕੋਣ ਤੇ ਲੋੜ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਕ ਉਹ ਸਮਾਂ ਸੀ ਜੱਦ ਤਾਲੀਮ ਉਲ ਇਸਲਾਮ ਕਾਲਜ ਦਾ ਅਰੰਭ ਹੋਇਆ, ਉਸ ਸਮੇਂ ਇਕ ਵਿਚਾਰ ਹੋ ਰਿਹਾ ਸੀ ਕਿ ਐਨ੍ਹੇ ਲੱਖ ਰੁਪਏ ਸਾਨੂੰ ਤੁਰੰਤ ਚਾਹੀਦੇ ਹਨ ਅਤੇ ਐਨ੍ਹੇ ਲੱਖ ਸਾਲਾਨਾ ਆਮਦਨ ਚਾਹੀਦੀ ਹੈ ਤਾਂ ਜੋ ਕਾਲਜ ਜਾਰੀ ਰੱਖਿਆ ਜਾਵੇ ਵਿਉਤਾਂ ਵੱਡੇ ਵੱਡੇ ਲਖੱਾਂ ਦੀਆਂ ਬਣ ਰਹੀਆਂ ਸਨ । ਉਸ ਸਮੇਂ ਆਪ ਫ਼ਰਮਾਉਂਦੇ ਹਨ ਕਿ ਇਕ ਸਮਾਂ ਉਹ ਸੀ ਕਿ ਸਾਡੇ ਲਈ ਹਾਈ ਕਲਾਸਾਂ ਨੂੰ ਜਾਰੀ ਰਖੱਣਾ ਵੀ ਔਖਾ ਸੀ । ਇੱਥੇ ਕਾਦੀਆਂ ਵਿੱਚ ਆਰਿਆਂ ਦਾ ਮਿਡਲ ਸਕੂਲ ਹੋਇਆ ਕਰਦਾ ਸੀ । ਅਰੰਭ ਵਿੱਚ ਏਧਰ ਹੀ ਸਾਡੇ ਬੱਚੇ ਜਾਣੇ ਸ਼ੁਰੂ ਹੋਏ ਤਾਂ ਆਰਿਆਂ ਮਾਸਟਰਾਂ ਨੇ ਉਹਨਾਂ ਦੇ ਸਾਹਮਣੇ ਲੈਕਚਰ ਦੇਣੇ ਸ਼ੁਰੂ ਕੀਤੇ ਕਿ ਤੁਹਾਨੂੰ ਮਾਸ ਨਹੀਂ ਖਾਣਾ ਚਾਹੀਦਾ । ਹਿੰਦੂ ਮਾਸ ਨਹੀਂ ਖਾਂਦੇ । ਮਾਸ ਖਾਣਾ ਅਤਿਆਚਾਰ ਹੈ । ਉਹ ਇਸ ਪ੍ਰਕਾਰ ਇਤਰਾਜ਼ ਕਰਦੇ ਜੋ ਕਿ ਇਸਲਾਮ ਉਪੱਰ ਹਮਲੇ ਸਨ ਬੱਚੇ ਸਕੂਲੋਂ ਆਉਂਦੇ ਅਤੇ ਇਹ ਇਤਰਾਜ਼ ਦਸੱਦੇ । ਫਰਮਾਉਂਦੇ ਹਨ ਕਿ ਇੱਥੇ ਕਾਦੀਆਂ ਵਿੱਚ ਇਕ ਪ੍ਰਾਇਮਰੀ ਸਕੂਲ ਸੀ । ਇਸ ਵਿੱਚ ਵੀ ਅਧਿਕਤਰ ਜੋ ਆ ਰਹੇ ਸਨ ਉਹ ਇਹੋ ਸਿਖਾਇਆ ਕਰਦੇ ਸਨ । ਪਹਿਲੇ ਦਿਨ ਜੱਦ ਮੈਂ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਗਿਆ ਅਰਥਾਤ ਹਜ਼ਰਤ ਮੁਸਲਿਹ ਮਊਦ ਆਪਣੀ ਗੱਲ ਦੱਸ ਰਹੇ ਹਨ ਅਤੇ ਦੁਪਹਿਰ ਨੂੰ ਮੇਰਾ ਖਾਣਾ ਆਇਆ ਤਾਂ ਮੈਂ ਸਕੂਲ ਤੋਂ ਬਾਹਰ ਨਿਕਲ ਕੇ ਇਕ ਰੁੱਖ ਹੇਠ ਜੋ ਕਿ ਨੇੜੇ ਹੀ ਸੀ ਖਾਣਾ ਖਾਣ ਲਈ ਜਾ ਬੈਠਾ । ਮੈਂਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਉਸ ਦਿਨ ਕਲੇਜੀ ਪਕੀ ਹਈ ਸੀ ਅਤੇ ਉਹੋ ਹੀ ਮੇਰੇ ਖਾਣੇ ਵਿੱਚ ਭਿਜਵਾਈ ਗਈ । ਉਸ ਸਮੇਂ ਮੀਆਂ ਉਮਰਦੀਨ ਸਾਹਬ ਮਰਹੂਮ ਜੋ ਮੀਆਂ ਅਬਦੁਲੱਾਹ ਸਾਹਬ ਦੇ ਪਿਤਾ ਸਨ, ਉਹ ਵੀ ਇਸੇ ਸਕੂਲ ਵਿੱਚ ਪੜ੍ਹਾਇਆ ਕਰਦੇ ਸਨ ਪਰ ਉਹ ਵੱਡੀਆਂ ਕਲਾਸਾਂ ਵਿੱਚ ਸਨ ਅਤੇ ਮੈਂ ਪਹਿਲੀ ਕਲਾਸ ਵਿੱਚ ਸੀ । ਮੈਂ ਖਾਣਾ ਖਾਣ ਬੈਠਾ ਤਾਂ ਉਹ ਆਣ ਪਹੁੰਚੇ ਅਤੇ ਦੇਖਕੇ ਕਹਿਣ ਲੱਗੇ ਹੈਂ ਮਾਸ ਖਾਂਦੇ ਓ ਮਾਸ, ਜੱਦ ਕਿ ਉਹ ਮੁਸਲਮਾਨ ਸਨ । ਇਸ ਦਾ ਇਹੋ ਕਾਰਣ ਸੀ ਕਿ ਆਰਿਆ ਮਾਸਟਰ ਸਿਖਾਉਂਦੇ ਸਨ ਕਿ ਮਾਸ ਖਾਣਾ ਅਤਿਆਚਾਰ ਹੈ ਅਤੇ ਬਹੁਤ ਭੈੜੀ ਚੀਜ ਹੈ ।

ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ 1944 ਈ. ਵਿੱਚ ਮੈਂ ਕਾਲਜ ਦੀ ਨੀਂਹ ਰੱਖੀ ਸੀ ਕਿਉਂਕਿ ਹੁਣ ਸਮਾਂ ਹੋ ਗਿਆ ਸੀ ਕਿ ਸਾਡੀ ਭਵਿੱਖ ਦੀਆਂ ਪੀੜ੍ਹੀਆਂ ਦੀ ਉਚੱ ਵਿਦਿਆ ਸਾਡੇ ਹੱਥਾਂ ਵਿੱਚ ਹੋਵੇ । ਇਕ ਸਮਾਂ ਉਹ ਸੀ ਕਿ ਸਾਡੀ ਜਮਾਤ ਵਿੱਚ ਬਹੁਤ ਛੋਟੇ ਅਹੁਦੇ ਅਤੇ ਬਹੁਤ ਘੱਟ ਆਮਦਨੀਆਂ ਵਾਲੇ ਲੋਕ ਸ਼ਾਮਲ ਸਨ । ਬੇਸ਼ਕ ਇਸ ਤੋਂ ਜਮਾਤ ਦੇ ਇਤਿਹਾਸ ਦਾ ਵੀ ਪਤਾ ਲਗਦਾ ਹੈ ਕਿ ਬੇਸ਼ਕ ਕੁਝ ਲੋਕ ਕਾਲਜਾਂ ਵਿੱਚੋਂ ਅਹਮਦੀ ਹੋਕੇ ਜਮਾਤ ਵਿੱਚ ਸ਼ਾਮਲ ਹੋਏ ਪਰ ਉਹ ਹਾਦਸੇ ਦੇ ਰੂਪ ਵਿੱਚ ਸਮਝੇ ਜਾਂਦੇ ਸਨ, ਵਰਨਾ ਉਚੱ ਮਰਤਬੇ ਵਾਲੇ ਅਤੇ ਚੰਗੀਆਂ ਆਮਦਨੀਆਂ ਵਾਲੇ ਲੋਕ ਸਾਡੀ ਜਮਾਤ ਵਿੱਚ ਨਹੀਂ ਸਨ, ਸਿਵਾਏ ਕੁਝ ਇਕ ਲੋਕਾਂ ਦੇ । ਇਹ ਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦਾ ਇਕ ਪ੍ਰਮਾਣ ਹੈ ਕਿ ਸਾਡੀ ਜਮਾਤ ਵਿੱਚ ਕੋਈ ਵੱਡਾ ਆਦਮੀ ਸ਼ਾਮਲ ਨਹੀਂ । ਕੋਈ ਈ ਏ ਸੀ ਸਾਡੀ ਜਮਾਤ ਵਿੱਚ ਦਾਖ਼ਲ ਨਹੀਂ । ਭਾਵ ਉਸ ਸਮੇਂ ਅਨੁਸਾਰ ਈ ਏ ਸੀ ਸਰਕਾਰੀ ਮੁਲਾਜ਼ਮ ਜੋ ਕਿ ਸ਼ਾਇਦ ਅਸਿਸਟੈਂਟ ਕਮਿਸ਼ਨਰ ਨੂੰ ਕਹਿੰਦੇ ਹਨ ਇਹ ਵੀ ਬਹੁਤ ਵੱਡਾ ਆਦਮੀ ਹੁੰਦਾ ਸੀ ਪਰ ਹੁਣ ਦੇਖੋ ਈ ਏ ਸੀ ਏਥੇ ਗਲੀਆਂ ਵਿੱਚ ਪਏ ਫਿਰਦੇ ਹਨ ਅਤੇ ਕੋਈ ਉਹਨਾਂ ਵੱਲ ਨਜ਼ਰ ਚੁੱਕ ਕੇ ਵੀ ਨਹੀਂ ਦੇਖਦਾ । ਪਰ ਇਕ ਸਮੇਂ ਵਿੱਚ ਉੱਚੇ ਤਬਕੇ ਦੇ ਲੋਕਾਂ ਦੀ ਸਾਡੀ ਜਮਾਤ ਵਿੱਚ ਐਨ੍ਹੀ ਘਾਟ ਸੀ ਕਿ ਹਜਜ਼ਰਤ ਖ਼ਲੀਫ਼ਾ ਅਵੱਲ ਨੇ ਫ਼ਰਮਾਇਆ ਕਿ ਸਾਡੀ ਜਮਾਤ ਵਿੱਚ ਕੋਈ ਵੱਡਾ ਆਦਮੀ ਦਾਖ਼ਲ ਨਹੀਂ । ਕੋਈ ਈ ਏ ਸੀ ਸਾਡੀ ਜਮਾਤ ਵਿੱਚ ਦਾਖ਼ਲ ਨਹੀਂ । ਭਾਵ ਉਸ ਸਮੇਂ ਦੇ ਪੱਖੋਂ ਸਾਡੀ ਜਮਾਤ ਈ ਏ ਸੀ ਨੂੰ ਵੀ ਝੱਲ ਨਹੀਂ ਸਕਦੀ ਸੀ ।

ਅੱਜ ਅਲੱਾਹ ਦੀ ਮਿਹਰ ਨਾਲ ਦੁਨੀਆ ਵਿੱਚ ਸੈਂਕੜੇ ਸਕੂਲ ਅਤੇ ਕਾਲਜ ਜਮਾਤ ਦੇ ਚਲ ਰਹੇ ਹਨ ਅਤੇ ਅੱਜ ਅਲੱਾਹ ਦੀ ਅਪਾਰ ਕ੍ਰਿਪਾ ਨਾਲ ਵੱਡੇ ਵੱਡੇ ਮਾਹਿਰੀਨ ਅਤੇ ਅਫਸਰ ਵੀ ਸੰਸਾਰ ਦੇ ਵੱਖ ਵੱਖ ਖੇਤਰਾਂ ਵਿੱਚ ਸਾਡੀ ਜਮਾਤ ਵਿੱਚ ਸ਼ਾਮਲ ਹਨ । ਦੇਸ਼ ਦੀ ਪਾਰਲੀਮੈਂਟ ਦੇ ਮੈਂਬਰ ਅਹਮਦੀ ਹਨ ਅਤੇ ਆਚਰਣ ਤੇ ਅਖ਼ਲਾਕ ਵਿੱਚ ਵੀ ਵਧੇ ਹੋਏ ਹਨ । ਇਹ ਨਹੀਂ ਕਿ ਕੇਵਲ ਦੁਨੀਆਦਾਰੀ ਉਹਨਾਂ ਵਿੱਚ ਆਈ ਹੈ ਸਗੋਂ ਅਫ਼ਰੀਕਾ ਵਿੱਚ ਤਾਂ ਕਈ ਦੇਸ਼ਾ ਵਿੱਚ ਕੁਝ ਮਹਤੱਵਪੂਰਨ ਮੰਤਰੀ ਪਦਾਂ ਉਪਰ ਵੀ ਅਹਮਦੀ ਨਿਯੁਕਤ ਹਨ । ਸੋ, ਰੱਬ ਦੀਆਂ ਮਿਹਰਾਂ ਵਿੱਚੋਂ ਇਹ ਵੀ ਇਕ ਮਿਹਰ ਹੈ । ਕਿਵੇਂ ਰੱਬ ਤਰੱਕੀ ਦੇ ਰਿਹਾ ਹੈ । ਆਰੰਭਕ ਅਹਮਦੀਆਂ'ਤੇ ਸਖ਼ਤੀਆਂ ਅਤੇ ਫਿਰ ਰੱਬ ਦੀਆਂ ਮਿਹਰਾਂ ਦਾ ਵਰਨਣ ਕਰਦੇ ਹੋਏ ਆਪ ਫ਼ਰਮਾਉਂਦੇ ਹਨ ਕਿ ਇਕ ਸਮਾਂ ਸੀ ਜੱਦ ਕਿ ਅਹਮਦੀ ਜਮਾਤ ਉਪੱਰ ਚਾਰੇ ਪਾਸਿਆਂ ਤੋਂ ਸਖ਼ਤੀਆਂ ਕੀਤੀਆਂ ਜਾਂਦੀਆਂ ਸਨ ਬਹੁਤ ਅਰੰਭਕ ਜੁੱਗ ਵਿੱਚ । ਮੌਲਵੀਆਂ ਨੇ ਫ਼ਤਵਾ ਦਿੱਤਾ ਕਿ ਅਹਮਦੀਆਂ ਨੂੰ ਕਤਲ ਕਰ ਦੇਣਾ ਉਹਨਾਂ ਦੇ ਘਰ ਲੁੱਟ ਲੈਣਾ ਉਹਨਾਂ ਦੀਆਂ ਜਾਇਦਾਦਾਂ ਨੂੰ ਖੋ ਲੈਣਾ ਉਹਨਾਂ ਦੀਆ ਇਸਤਰੀਆਂ ਦਾ ਬਿਨਾ ਤਲਾਕ ਦੇ ਦੂਜੀ ਥਾਂ ਨਿਕਾਹ ਕਰ ਦੇਣਾ ਉਚਿਤ ਨਹੀਂ ਸਗੋਂ ਪੁੰਨ ਦਾ ਕੰਮ ਹੈ । ਹਰ ਸਵੇਰ ਜੋ ਚੜ੍ਹਦੀ ਆਪਣੇ ਨਾਲ ਤਾਜ਼ਾ ਤੇ ਨਵੀਆਂ ਔਕੜਾਂ ਅਤੇ ਤਾਜ਼ਾ ਜ਼ਿੰਮੇਦਾਰੀਆਂ ਲਿਆਉਂਦੀਆਂ, ਹਰ ਸ਼ਾਮ ਜੋ ਹੁੰਦੀ ਆਪਣੇ ਨਾਲ ਨਾਲ ਤਾਜ਼ਾ ਮੁਸੀਬਤਾ ਅਤੇ ਤਾਜ਼ਾ ਜ਼ਿੰਮੇਦਾਰੀਆਂ ਲਿਆਉਂਦੀ ਪਰ ਅਲੈਸਲੱਾਹੁ ਬਿਕਾਫ਼ਿਨ ਅਬਦੁਹੂ (اَلَیْسَ اللّٰہُ بِکَافٍ عَبْدَہٗ) ਦੀ ਹਵਾ ਸਾਰੀਆਂ ਚਿੰਤਾਵਾਂ ਨੂੰ ਧੂੜ ਮਿੱਟੀ ਵਾਂਗ ਉਡਾ ਦਿੰਦੀ ਅਤੇ ਉਹ ਬਦੱਲ ਜੋ ਜਮਾਤ ਦੀ ਇਮਾਰਤ ਦੀਆਂ ਅਰੰਭਕ ਨੀਹਾਂ ਨੂੰ ਪੁੱਟਕੇ ਸੁੱਟ ਦੇਣ ਦੀਆਂ ਧਮਕੀਆਂ ਦਿੰਦੇ ਸਨ ਥੋੜੀ ਹੀ ਦੇਰ ਵਿੱਚ ਰੱਬ ਦੀ ਰਹਿਮਤ ਤੇ ਮਿਹਰ ਦੇ ਬਦੱਲ ਬਣ ਜਾਂਦੇ ਅਤੇ ਉਹਨਾਂ ਦੀ ਇਕ ਬੂੰਦ ਡਿਗੱਦਿਆਂ ਹੀ ਅਲੈਸਲੱਾਹੁ ਬਿਕਾਫ਼ਿਨ ਅਬਦੁਹੂ (اَلَیْسَ اللّٰہُ بِکَافٍ عَبْدَہٗ) ਦਾ ਹੌਂਸਾਲਾ ਵਧਾਉਣ ਵਾਲਾ ਸਵਰ ਪੈਦਾ ਹੁੰਦਾ । ਭਾਵ ਐਨ੍ਹੀ ਸਖ਼ਤੀ ਸੀ ਪਰ ਫਿਰ ਵੀ ਇਹ ਵਿਸ਼ਵਾਸ ਸੀ ਕਿ ਅਲੱਾਹ ਸਾਡੇ ਲਈ ਬਹੁਤ ਹੈ ਅਤੇ ਇੰਸ਼ਾਅਲੱਾਹ ਹਾਲਾਤ ਬਦਲਣ ਗੇ । ਜੇਕਰ ਕੁਝ ਔਕੁੜਾਂ ਹੁੰਦੀਆਂ ਵੀ ਹਨ ਤਾਂ ਅੱਜ ਵੀ ਅਲੈਸਲੱਾਹੁ ਬਿਕਾਫ਼ਿਨ ਅਬਦੁਹੂ (اَلَیْسَ اللّٰہُ بِکَافٍ عَبْدَہٗ) ਦਾ ਸਵਰ ਸਾਡਾ ਸਹਾਰਾ ਬਣਦਾ ਹੈ । ਦੁਨੀਆ ਦੇ ਕੋਨੇ ਕੋਨੇ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਲੰਗਰ ਕਾਇਮ ਹਨ । ਅਲੱਾਹ ਨੇ ਨ ਕਦੇ ਸਾਨੂੰ ਛੱਡਿਆ ਹੈ ਨ ਹੀ ਕਦੇ ਛੱਡੇਗਾ, ਇੰਸ਼ਾਅਲੱਾਹ । ਜੇਕਰ ਅਸੀਂ ਉਸ ਦੇ ਨਾਲ ਲੱਗੇ ਰਹੀਏ । ਬੇਸ਼ਕ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ ਅਤੇ ਅਲੱਾਹ ਦੀ ਮਿਹਰ ਨਾਲ ਅਹਮਦੀ ਦਿੰਦੇ ਵੀ ਹਨ ਪਰ ਹਰ ਕੁਰਬਾਨੀ ਅਲੱਾਹ ਦੀਆਂ ਮਿਹਰਾਂ ਨੂੰ ਨਾਲ ਲਏ ਹੋਏ ਇਕ ਨਵਾਂ ਮਾਰਗ ਸਾਨੂੰ ਦਿਖਾਉਂਦੀ ਹੈ ਅਲੱਾਹ ਆਪਣੇ ਦੇਣ ਵਿੱਚ ਕੋਈ ਕਮੀ ਨਹੀਂ ਕਰਦਾ ।

ਫਿਰ ਇਲਾਹੀ ਸੁਰੱਖਿਆ ਦੇ ਮੋਜਜ਼ਿਆਂ ਬਾਰੇ ਇਕ ਗੱਲ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੀਵਨ ਵਿੱਚੋਂ ਇਕ ਉਧਾਰਣ ਪ੍ਰਸਤੁਤ ਕਰਦਾ ਹਾਂ । ਕਮਰ ਸੇਨ ਸਾਹਬ ਜੋ ਲਹੌਰ ਦੇ ਲਾਅ ਕਾਲਜ ਦੇ ਪ੍ਰਿੰਸੀਪਲ ਹਨ ਉਹਨਾ ਦੇ ਪਿਤਾ ਜੀ ਨਾਲ ਹਜ਼ਰਤ ਸਾਹਬ ਦੇ ਚੰਗੇ ਸੰਬੰਧ ਸਨ ਇੱਥੋਂ ਤੱਕ ਕਿ

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਕਦੇ ਪੈਸਿਆਂ ਦੀ ਲੋੜ ਪੈਂਦੀ ਤਾਂ ਕਈ ਵਾਰ ਉਹਨਾਂ ਤੋਂ ਕਰਜ਼ ਵੀ ਲੈ ਲਿਆ ਕਰਦੇ ਸਨ। ਇਹ ਕਮਰ ਸੇਨ ਸਹਬ ਹਿੰਦੂ ਸਨ। ਉਹਨਾਂ ਨੂੰ ਵੀ ਹਜ਼ਰਤ ਸਾਹਬ ਨਾਲ ਬਹੁਤ ਲਗਾਵ ਸੀ।

ਜਿਹਲਮ ਦੇ ਮੁਕਦੱਮੇ ਵਿੱਚ ਉਹਨਾਂ ਨੇ ਆਪਣੇ ਪੁਤੱਰ ਨੂੰ ਤਾਰ ਦਿੱਤੀ ਸੀ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਵੱਲੋਂ ਵਕਾਲਤ ਕਰਨ। ਇਸ ਲਗਾਵ ਦਾ ਸਬਬ ਇਹ ਸੀ ਕਿ ਉਹਨਾਂ ਨੇ ਜਵਾਨੀ ਦੇ ਦਿਨਾਂ ਵਿੱਚ ਜੱਦ ਉਹ ਅਤੇ ਹਜ਼ਰਤ ਮਸੀਹ ਮਊਦ ਅਲੈਲਹਿ ਸਲਾਮ ਕੁਝ ਹੋਰ ਸਾਥੀਆਂ ਸਣੇ ਸਿਆਲਕੋਟ ਵਿੱਚ ਇਕੱਠੇ ਰਹਿੰਦੇ ਸਨ। ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਕਈ ਨਿਸ਼ਾਨ ਦੇਖੇ ਸਨ। ਉਹਨਾਂ ਨਿਸ਼ਾਨਾਂ ਵਿੱਚੋਂ ਇਕ ਇਹ ਵੀ ਹੈ ਕਿ ਇਕ ਰਾਤ ਆਪ ਮਿਤੱਰਾਂ ਨਾਲ ਸੋ ਰਹੇ ਸਨ ਕਿ ਆਪ ਦੀ ਅੱਖ ਖੁੱਲੀ ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਅਤੇ ਦਿਲ ਵਿੱਚ ਪਾਇਆ ਗਿਆ ਕਿ ਮਕਾਨ (ਘਰ) ਖਤਰੇ ਵਿੱਚ ਹੈ। ਆਪ ਨੇ ਸਾਰਿਆਂ ਮਿਤੱਰਾਂ ਨੂੰ ਜਗਾਇਆ ਅਤੇ ਕਿਹਾ ਕਿ ਮਕਾਨ ਖ਼ਤਰੇ ਵਿੱਚ ਹੈ ਇਸ ਵਿੱਚੋਂ ਨਿਕਲ ਜਾਣਾ ਚਾਹੀਦਾ ਹੈ। ਸਾਰਿਆਂ ਮਿਤੱਰਾਂ ਨੇ ਨੀਂਦਰ ਕਰਕੇ ਪਰਵਾਹ ਨਹੀਂ ਕੀਤੀ ਅਤੇ ਇਹ ਕਹਿ ਕੇ ਸੌਂ ਗਏ ਕਿ ਆਪ ਨੂੰ ਭਰਮ ਹੋ ਗਿਆ ਹੈ। ਪਰ ਆਪ ਦਾ ਅਹਿਸਾਸ ਵਧੱਦਾ ਗਿਆ ਅੰਤ ਆਪ ਨੇ ਉਹਨਾਂ ਨੂੰ ਫਿਰ ਜਗਾਇਆ ਅਤੇ ਧਿਆਨ ਦੁਆਇਆ ਕਿ ਛੱਤ ਵਿੱਚ ਚੜਚੜਾਹਟ ਦੀ ਅਵਾਜ਼ ਆਉਂਦੀ ਹੈ ਮਕਾਨ ਖ਼ਾਲੀ ਕਰ ਦੇਣਾ ਚਹੀਦਾ ਹੈ। ਉਹਨਾਂ ਨੇ ਕਿਹਾ ਸਧਾਰਣ ਗੱਲ ਹੈ ਅਜਿਹੀਆਂ ਅਵਾਜਾਂ ਕਿਸੇ ਥਾਂ ਕੀੜਾ ਲਗੱਣ ਕਰਕੇ ਆਇਆ ਕਰਦੀਆਂ ਹਨ। ਆਪ ਸਾਡੀ ਨੀਂਦ ਕਿਉਂ ਖ਼ਰਾਬ ਕਰਦੇ ਹੋ। ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫਿਰ ਹੱਠ ਕੀਤਾ ਕਿ ਆਪ ਲੋਕ ਮੇਰੀ ਗੱਲ ਮਨ੍ਹ ਕੇ ਹੀ ਨਿਕਲ ਜਾਓ। ਅੰਤ ਮਜਬੂਰ ਹੋਕੇ ਲੋਕ ਨਿਕਲਣ'ਤੇ ਰਾਜ਼ੀ ਹੋ ਗਏ। ਹਜ਼ਰਤ ਸਾਹਬ ਨੂੰ ਵਿਸ਼ਵਾਸ ਸੀ ਕਿ ਰੱਬ ਮੇਰੀ ਸੁਰੱਖਿਆ ਖਾਤਰ ਮਕਾਨ ਦੇ ਡਿਗੱਣ ਨੂੰ ਰੋਕੇ ਹੋਏ ਹੈ। ਇਸ ਲਈ ਆਪ ਨੇ ਉਹਨਾ ਨੂੰ ਕਿਹਾ ਪਹਿਲਾਂ ਆਪ ਲੋਕ ਨਿਕਲੋ ਪਿੱਛੋਂ ਮੈਂ ਨਿਕਲਾਂਗਾ। ਜੱਦ ਉਹ ਨਿਕਲ ਗਏ ਅਤੇ ਬਾਦ ਵਿੱਚ ਹਜ਼ਰਤ ਸਾਹਬ ਨਿਕਲੇ ਤਾਂ ਆਪ ਨੇ ਇਕ ਪੈਰ੍ਹ ਸੀੜ੍ਹੀ'ਤੇ ਰੱਖਿਆ ਹੀ ਸੀ ਕਿ ਛੱਤ ਡਿੱਗ ਗਈ। ਫਿਰ ਇਸੇ ਪ੍ਰਕਾਰ ਰੱਬ ਦੇ ਹਜ਼ਰਤ ਮਸੀਹ ਮਊਦ ਨਾਲ ਵਰਤਾਉ ਦੀ ਇਕ ਹੋਰ ਘਟਨਾ ਵਰਨਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਇਕ ਵਾਰ ਅੰਮ੍ਰਤਸਰ ਤੋਂ ਯੱਕੇ ਉਪੱਰ ਸਵਾਰ ਹੋਕੇ ਤੁਰਿਆ ਕਿ ਇਕ ਹੋਰ ਬਹੁਤ ਮੋਟਾ ਤਾਜ਼ਾ ਹਿੰਦੂ ਵੀ ਮੇਰੇ ਨਾਲ ਯੱਕੇ ਉਪੱਰ ਸਵਾਰ ਹੋਇਆ ਅਤੇ ਉਹ ਮੈਂਥੋਂ ਪਹਿਲਾਂ ਯੱਕੇ ਅੰਦਰ ਬੈਠ ਗਿਆ ਅਤੇ ਆਪਣੇ ਆਰਾਮ ਖ਼ਾਤਰ ਆਪਣੀਆਂ ਲੱਤਾਂ ਨੂੰ ਚੰਗੀ ਤਰ੍ਹਾਂ ਫੈਲਾ ਲਿਆ ਇੱਥੋਂ ਤੱਕ ਕਿ ਅਗਲੀ ਸੀਟ ਜਿੱਥੇ ਮੈਂ ਬੈਠਣਾ ਸੀ ਉਹ ਵੀ ਬੰਦ ਕਰ ਦਿੱਤੀ। ਉਸ ਵਿੱਚ ਵੀ ਰੋਕ ਪਾ ਦਿੱਤੀ। ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਥੋੜ੍ਹੀ ਜਿਹੀ ਥਾਂ ਵਿੱਚ ਬੈਠਾ। ਉਹਨਾਂ ਦਿਨਾਂ ਵਿੱਚ ਧੁੱਪ ਬਹੁਤ ਤੇਜ਼ ਪੈਂਦੀ ਸੀ ਕਿ ਮਨੁੱਖ ਦੇ ਹੋਸ਼ ਉੱਡ ਜਾਂਦੇ ਸਨ। ਮੈਂਨੂੰ ਧੁੱਪ ਤੋਂ ਬਚਾਉਣ ਲਈ ਰੱਬ ਨੇ ਕੀ ਪ੍ਰਬੰਧ ਕੀਤਾ ਕਿ ਇਕ ਬਦਲੀ ਭੇਜੀ ਜੋ ਸਾਡੇ ਯੱਕੇ ਦੇ ਨਾਲ ਨਾਲ ਛਾਂ ਕਰਦੀ ਹੋਈ ਬਟਾਲੇ ਤੱਕ ਆਈ ਇਹ ਦ੍ਰਿਸ਼ ਦੇਖਕੇ ਉਹ ਹਿੰਦੂ ਕਹਿਣ ਲੱਗਾ ਕਿ ਆਪ ਤਾਂ ਰੱਬ ਦੇ ਬਹੁਤ ਬਜ਼ੁਰਗ ਮਲੂਮ ਹੁੰਦੇ ਹੋ।

ਇਸ ਲਈ ਰੱਬ ਆਪਣੇ ਬੰਦਿਆਂ ਨਾਲ ਅਜਿਹਾ ਸਲੂਕ ਕਰਦਾ ਹੈ ਕਿ ਮਨੁੱਖ ਹੈਰਾਨ ਰਹਿ ਜਾਂਦਾ ਹੈ ਇਬਾਦਤ ਸ਼ਰਤ ਹੈ ਅਤੇ ਅਜਿਹੇ ਮਨੁੱਖ ਦਾ ਅੰਤ ਅਵਸ਼ ਚੰਗਾ ਹੋਵੇਗਾ। ਵੇਖਣ ਨੂੰ ਭਾਵੇਂ ਉਹ ਲੋਕਾਂ ਦੀ ਦ੍ਰਿਸ਼ਟੀ ਵਿੱਚ ਹੀਣਾ ਹੁੰਦਾ ਦਿਖਾਈ ਦੇ ਰਿਹਾ ਹੋਵੇਗਾ ਪਰ ਅਖੀਰ ਉਸ ਨੂੰ ਸਨਮਾਨ ਪ੍ਰਾਪਤ ਹੋਵੇਗਾ। ਵੇਖਣ ਨੂੰ ਉਹ ਬਦਨਾਮ ਵੀ ਹੋ ਰਿਹਾ ਹੋਵੇਗਾ ਪਰ ਅਖੀਰ ਉਸ ਨੂੰ ਨੇਕ ਨਾਮੀ ਪ੍ਰਾਪਤ ਹੋਵੇਗੀ। ਭਾਵ ਉਸ ਮਨੁੱਖ ਦਾ ਅਰੰਭ ਇਬਾਦਤ ਨਾਲ ਅਤੇ ਅਖੀਰ ਅਮਲ ਉਪੱਰ ਖ਼ਤਮ ਹੋਵੇਗਾ ਅਰਥਾਤ ਰੱਬ ਦਾ ਸਹੀ (ਉਚਿਤ) ਇਬਾਦਤ ਗੁਜ਼ਾਰ ਬਣਕੇ ਉਸ ਦੀ ਇਬਾਦਤ ਕੀਤੀ ਜਾਵੇ, ਉਸ ਦੀ ਬੰਦਗੀ ਆਪਣਾਈ ਜਾਵੇ, ਫਿਰ ਰੱਬ ਦੀ ਮਦਦ ਨਾਲ ਰਹਿੰਦੀ ਹੈ ਅਤੇ ਅਲੱਾਹ ਹਰ ਵਿਪੱਤੀ ਦੇ ਵਿਰੁਧ ਫਿਰ ਮਦਦ ਦਿੰਦਾ ਹੈ।

ਇਕ ਸਧਾਰਣ ਪੀਰ ਅਤੇ ਰੱਬ ਦੇ ਭੇਜੇ ਹੋਏ ਸੁਧਾਰਕ ਦੇ ਨੇਕ ਪ੍ਰਭਾਵ ਤੇ ਨੇਕੀਆਂ ਵੰਡਣ ਅਤੇ ਆਪਣੇ ਮੁਰੀਦਾਂ ਦੇ ਸੁਧਾਰ ਕਰਨ ਅਤੇ ਮਨੁੱਖਤਾ ਲਈ ਪੀੜ੍ਹਾ ਵਿੱਚ ਕੀ ਅੰਤਰ ਹੁੰਦਾ ਹੈ ਇਸ ਦੀ ਇਕ ਉਧਾਰਣ ਦਿੰਦਿਆਂ ਹੋਇਆਂ ਹਜ਼ਰਤ ਮੁਸਲਿਹ ਮਊਦ ਫਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਸੰਬੰਧੀ ਮੁਨਸ਼ੀ ਅਹਮਦ ਜਾਨ ਸਾਹਬ ਲੁੱਧਿਆਣੇ ਵਾਲਿਆਂ ਦੀ ਚਰਚਾ ਕਰਦਿਆਂ ਹੋਇਆਂ ਕਿ ਹਜ਼ਰਤ ਮੁਨਸ਼ੀ ਅਹਮਦ ਜਾਨ ਸਾਹਬ ਲੁੱਧਿਆਣੇ ਵਾਲੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ

ਦਾਵੇ ਤੋਂ ਪਹਿਲਾਂ ਹੀ ਸਵਰਗ ਸਿਧਾਰ ਗਏ ਸਨ ਪਰ ਉਹਨਾਂ ਦੀ ਰੂਹਾਨੀ ਦ੍ਰਿਸ਼ਟੀ ਐਨ੍ਹੀ ਤੀਬਰ ਸੀ ਕਿ ਉਹਨਾਂ ਨੇ ਦਾਵੇ ਤੋਂ ਪਹਿਲਾਂ ਹੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਲਿੱਖਿਆ ਕਿ :

"ਹਮ ਮਰੀਜ਼ੋਂ ਕੀ ਹੈ ਤੁਮਹੀ ਪੇ ਨਿਗਾਹ ਤੁਮ ਮਸੀਹਾ ਬਨੋ ਖ਼ੁਦਾ ਕੇ ਲਿਯੇ ।"

ਸੋ, ਦੇਖਣ ਨੂੰ ਰੂਹਾਨੀ ਲੋਕ ਉਸ ਮਨੁੱਖ ਦਾ ਮੁਕਾਬਲਾ ਨਹੀਂ ਕਰ ਸਕਦੇ ਜਿਸ ਨੂੰ ਵਿਸ਼ੇਸ਼ ਰੂਪ ਵਿੱਚ ਰੱਬ ਨੇ ਇਸ ਕੰਮ ਲਈ ਮਾਮੂਰ ਕੀਤਾ ਹੋਇਆ ਹੈ, ਦੁਨੀਆ ਦਾ ਸੁਧਾਰ ਕਰਨਾ ਹੈ ਉਸ ਦੀ ਆਤਮਕਤਾ ਵਿੱਚ ਵਾਧਾ ਕਰਨਾ ਹੈ, ਉਸ ਨੂੰ ਰੱਬ ਦੇ ਨੇੜੇ ਲਿਆਉਣਾ ਹੈ ਜਿਵੇਂ ਕਿ ਆਪ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਉਹ ਕੰਮ ਜਿਸ ਲਈ ਰੱਬ ਨੇ ਮੈਨੂੰ ਨਿਯੁਕਤ ਕੀਤਾ ਹੈ ਉਹ ਇਹ ਹੈ ਕਿ ਖ਼ੁਦਾ ਅਤੇ ਉਸ ਦੀ ਮਖ਼ਲੂਕ ਵਿੱਚ ਜੋ ਦੂਰੀ ਪਸਰ ਗਈ ਹੈ ਉਸ ਨੂੰ ਦੂਰ ਕਰਕੇ ਮੁਹਬੱਤ ਤੇ ਸਨੇਹ ਤੇ ਸਦਾਚਾਰੀ ਦੇ ਸੰਬੰਧ ਨੂੰ ਮੁੜ੍ਹ ਕਾਇਮ ਕਰਾਂ । ਫਿਰ ਆਪ ਨੇ ਫ਼ਰਮਾਇਆ ਕਿ ਧਾਰਮਕ ਸਚੱਾਈਆਂ ਜੋ ਦੁਨੀਆ ਦੀ ਅੱਖ ਤੋਂ ਅਲੋਪ ਹੋ ਗਈਆਂ ਹਨ ਉਹਨਾਂ ਨੂੰ ਪ੍ਰਕਟ ਕਰਾਂ ਅਤੇ ਉਹ ਆਤਮਕਤਾ ਜੋ ਹਉਮੈ ਤੇ ਆਪੇ ਹੇਠ ਦੱਬ ਗਈ ਉਸ ਦਾ ਨਮੂਨਾ ਦਿਖਾਵਾਂ । ਫ਼ਰਮਾਇਆ ਸਭ ਤੋਂ ਅਧਿਕ ਇਹ ਕਿ ਉਹ ਨਿਰੋਲ ਤੇ ਚਮਕਦੀ ਹੋਈ ਤੌਹੀਦ ਜੋ ਹਰ ਇਕ ਸ਼ਿਰਕ ਦੀ ਮਿਲਾਵਟ ਤੋਂ ਪਾਕ ਹੈ ਜੋ ਹੁਣ ਮਿੱਟ ਚੁੱਕੀ ਹੈ ਉਸ ਨੂੰ ਮੁੜ੍ਹ ਕੌਮ ਵਿੱਚ ਸੁਰਜੀਤ ਕਰਕੇ ਸਦੈਵੀ ਪੌਦਾ ਲਾ ਦਿਆਂ ।

ਅਲੱਾਹ ਤਆਲਾ ਸਾਨੂੰ ਸੰਜੋਗ ਪ੍ਰਦਾਨ ਕਰੇ ਕਿ ਬੈਅਤ ਦੇ ਹੱਕ ਪੂਰੇ ਕਰਦਿਆਂ ਹੋਇਆਂ ਰੱਬ ਨਾਲ ਸੰਬੰਧ ਪੈਦਾ ਕਰਨ ਵਾਲੇ ਹੋਈਏ । ਧਾਰਮਕ ਸਚੱਾਈਆਂ ਨੂੰ ਪਛਾਣ ਕੇ ਉਹਨਾਂ'ਤੇ ਅਮਲ ਕਰਨ ਵਾਲੇ ਹੋਈਏ । ਰੂਹਾਨੀਯਤ ਵਿੱਚ ਤਰੱਕੀ ਕਰਨ ਵਾਲੇ ਹੋਈਏ ਅਤੇ ਤੌਹੀਦ ਦੀ ਵਾਸਤਵਿਕ ਚਮਕ ਤੋਂ ਹਿਸੱਾ ਪਾਉਣ ਵਾਲੇ ਹੋਈਏ । ਅਲੱਾਹ ਤਆਲਾ ਦੁਨੀਆ ਨੂੰ ਵੀ ਇਸ ਪਛਾਣ ਦਾ ਸੰਜੋਗ ਪ੍ਰਦਾਨ ਕਰੇ ਅਤੇ ਵਿਸ਼ੇਸ਼ ਤੌਰ'ਤੇ ਮੁਸਲਮਾਨ ਉਮੱਤ ਨੂੰ ਇਹ ਸੰਜੋਗ ਪ੍ਰਦਾਨ ਕਰੇ ਕਿ ਉਹ ਮਸੀਹ ਮਊਦ ਤੇ ਮਹਦੀ ਮਾਹੂਦ ਅਲੈਹਿ ਸਲਾਮ ਦੀ ਪੀੜ੍ਹਾ ਨੂੰ ਸਮਝਦਿਆਂ ਹੋਇਆਂ ਉਸ ਦੀ ਬੈਅਤ ਵਿੱਚ ਆਉਣ ਦਾ ਸੰਜੋਗ ਪ੍ਰਾਪਤ ਕਰਨ ।

ਜੁਮਏ ਦੇ ਖੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਮੁਕਰਮ ਨੁਮਾਨ ਅਹਮਦ ਅੰਜੁਮ ਸਾਹਬ ਸਪੁਤੱਰ ਮੁਕਰੱਮ ਚੌਧਰੀ ਮਕਸੂਦ ਅਹਮਦ ਸਾਹਬ ਜਿੰਨ੍ਹਾ ਨੂੰ ਕਰਾਚੀ ਵਿੱਚ ਮੁਖ਼ਾਲਫ਼ਾਂ ਨੇ ਮਿਤੀ 21 ਮਾਰਚ 2015 ਈ. ਨੂੰ ਉਹਨਾਂ ਦੀ ਦੁਕਾਨ'ਤੇ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਸੀ । ਇਸੇ ਪ੍ਰਕਾਰ ਮੁਕਰੱਮ ਇੰਜੀਨੀਅਰ ਫ਼ਾਰੂਕ ਅਹਮਦ ਖਾਨ ਸਾਹਬ ਉਪ ਪ੍ਰਧਾਨ ਜ਼ਿਲਾ ਪਿਸ਼ਾਵਰ । ਇਹ ਸ਼ੂਰਾ (ਪ੍ਰਾਮਰਸ਼ ਸਭਾ) ਦੇ ਬਾਦ ਰਬਵਾਹ ਤੋਂ ਤੋਂ ਪਿਸ਼ਾਵਰ ਜਾ ਰਹੇ ਸਨ, ਗੱਡੀ ਦਾ ਟਾਇਰ ਬ੍ਰਸਟ ਹੋ ਗਿਆ ਜਿਸ ਦੇ ਸਬਬ ਦੁਰਘਟਨਾ ਵਾਪਰੀ । ਤੁਰੰਤ ਚਕਵਾਲ ਹਸਪਤਾਲ ਪਹੁੰਚਾਇਆ ਗਿਆ ਪਰ ਸਵਸਥ ਨ ਹੋ ਸਕੇ । ਹਜ਼ੂਰ ਨੇ ਇਹਨਾਂ ਦੋਹਾਂ ਮਰਹੂਮੀਨ ਦੇ ਸਦਗੁਣਾ ਅਤੇ ਜਮਾਤੀ ਸੇਵਾਵਾਂ ਦੀ ਚਰਚਾ ਕਰਦਿਆਂ ਹੋਇਆਂ ਦੁਆ ਦੀ ਤਹਿਰੀਕ ਕੀਤੀ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।


**Khulasa Khutba 27.03.2015**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131